

ਤੱਥ ਜਾਣੋ:

# COVID-19 ਦੇ ਖਿਲਾਫ ਬੱਚਿਆਂ ਨੂੰ ਵੈਕਸੀਨ ਦੇਣਾ



**ਹੈਲਥ ਕੈਨੇਡਾ ਨੇ 5 ਤੋਂ 11 ਸਾਲ ਦੇ ਬੱਚਿਆਂ ਲਈ COVID-19 ਵੈਕਸੀਨ ਮਨਜ਼ੂਰ ਕੀਤੀ ਹੈ। ਵੈਕਸੀਨ ਸਰੀਰ ਨੂੰ ਵਾਇਰਸ ਖਿਲਾਫ ਲੜਨ ਵਿਚ ਮਦਦ ਕਰਦੀ ਹੈ ਤਾਂ ਜੋ ਬੱਚਿਆਂ ਨੂੰ COVID-19 ਹੋਣ ਅਤੇ ਇਸਦੀਆਂ ਅਲਾਮਤਾਂ ਹੋਣ ਦੀ ਸੰਭਾਵਨਾ ਘੱਟ ਹੋ ਸਕੇ।**

**ਭਾਵੇਂ ਬੱਚਿਆਂ ਅਤੇ ਯੁਵਕਾਂ ਵਿਚ COVID-19 ਨਾਲ ਬਿਮਾਰ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ,** ਪਰ ਫੇਰ ਵੀ:

- ਉਹ COVID-19 ਨਾਲ ਬਿਮਾਰ ਹੋ ਸਕਦੇ ਹਨ
- ਵਾਇਰਸ ਲੱਗ ਜਾਵੇਗਾ ਅਤੇ ਲੱਛਣ ਨਹੀਂ ਹੋਣਗੇ
- ਬੱਚਿਆਂ ਵਿਚ ਇਕ ਗੰਭੀਰ ਵਿਗਾੜ ਹੋ ਸਕਦਾ ਹੈ, ਜਿਸ ਨੂੰ ਮਲਟੀਸਿਸਟਮ ਇਨਫਲੇਮੇਟਰੀ ਸਿੰਡਰਮ (MIS-C) ਕਿਹਾ ਜਾਂਦਾ ਹੈ।
- ਦੂਜਿਆਂ ਤੱਕ COVID-19 ਫੈਲਾਅ ਸਕਦੇ ਹਨ
- ਜੇ ਬਿਮਾਰ ਹੁੰਦੇ ਹਨ ਤਾਂ ਇਸ ਦੇ ਦੂਰ-ਰਸੀ ਪ੍ਰਭਾਵ ਅਨੁਭਵ ਕਰ ਸਕਦੇ ਹਨ

COVID-19 ਦੇ ਸਭ ਤੋਂ ਆਮ ਦੂਰ-ਰਸੀ ਪ੍ਰਭਾਵਾਂ ਵਿਚ ਥਕਾਵਟ, ਸਿਰਦਰਦ, ਵਜ਼ਣ ਘਟਣਾ, ਮਾਸਪੇਸ਼ੀਆਂ ਦਾ ਦਰਦ, ਨੀਂਦ ਵਿਚ ਵਿਘਨ, ਖੰਘ ਅਤੇ ਸੋਚਣ ਜਾਂ ਧਿਆਨ ਲਾਉਣ ਵਿਚ ਔਖਿਆਈ ਸ਼ਾਮਲ ਹੁੰਦੇ ਹਨ।

ਜਿਨ੍ਹਾਂ ਬੱਚਿਆਂ ਨੂੰ ਪਹਿਲਾਂ ਤੋਂ ਕੁੱਝ ਮੈਡੀਕਲ ਸਮੱਸਿਆਵਾਂ ਹੁੰਦੀਆਂ ਹਨ, ਉਨ੍ਹਾਂ ਨੂੰ COVID-19 ਨਾਲ ਗੰਭੀਰ ਬਿਮਾਰ ਹੋਣ ਦਾ ਵੱਧ ਖਤਰਾ ਹੁੰਦਾ ਹੈ, ਪਰ ਕੁੱਝ ਬੱਚੇ ਜਿਹੜੇ ਗੰਭੀਰ ਬਿਮਾਰ ਹੁੰਦੇ ਹਨ, ਉਨ੍ਹਾਂ ਵਿਚ ਖਤਰੇ ਦੇ ਕੋਈ ਕਾਰਕ ਨਹੀਂ ਸਨ।

ਵੈਕਸੀਨੇਸ਼ਨ ਨਾਲ ਵਾਇਰਸ ਤੋਂ ਬਚਾਅ ਲਈ ਸੁਰੱਖਿਆ ਦੀ ਇਕ ਵਾਧੂ ਪਰਤ ਮਿਲਦੀ ਹੈ, ਅਤੇ ਇਸ ਨਾਲ ਬੱਚਿਆਂ ਨੂੰ ਅਹਿਮ ਗਤੀਵਿਧੀਆਂ ਜਿਵੇਂ ਕਿ ਇਨ-ਪਰਸਨ ਪੜ੍ਹਾਈ, ਖੇਡਾਂ ਅਤੇ ਸਮਾਜਕ ਸਮਾਗਮਾਂ ਵਿਚ ਸੁਰੱਖਿਅਤ ਤਰੀਕੇ ਨਾਲ ਸ਼ਾਮਲ ਹੋਣ ਵਿਚ ਮਦਦ ਮਿਲਦੀ ਹੈ।

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ



**ਵੈਕਸੀਨ ਨੂੰ ਵਿਕਸਤ ਕਰਦੇ ਹੋਏ ਅਤੇ ਇਸ ਦੀ ਸਮੀਖਿਆ ਕਰਦੇ ਹੋਏ ਵਿਗਿਆਨੀਆਂ ਨੇ ਇਕ ਬੜੀ ਸਾਵਧਾਨੀ ਵਾਲੀ ਪ੍ਰਕਿਰਿਆ ਦੀ ਪਾਲਣਾ ਕੀਤੀ।** ਸਮਰਪਿਤ ਖੋਜ ਫੰਡਿੰਗ ਅਤੇ ਬੇਮਿਸਾਲ ਅੰਤਰਰਾਸ਼ਟਰੀ ਸਹਿਯੋਗ ਕਾਰਨ ਹੀ ਵੈਕਸੀਨਾਂ ਐਨੀ ਜਲਦੀ ਉਪਬਲਧ ਹੋ ਸਕੀਆਂ ਹਨ। ਵੈਕਸੀਨਾਂ ਉਸ ਸਾਇੰਸ ਅਤੇ ਟੈਕਨੋਲੋਜੀ ਤੇ ਅਧਾਰਤ ਹਨ, ਜਿਹੜੀ ਹੋਰ ਲਾਗ ਦੀਆਂ ਬਿਮਾਰੀਆਂ ਦੇ ਇਲਾਜ ਵਾਸਤੇ ਕਈ ਸਾਲਾਂ ਤੋਂ ਵਿਕਸਤ ਕੀਤੀ ਜਾ ਰਹੀ ਹੈ।

**5 ਤੋਂ 11 ਸਾਲ ਦੇ ਬੱਚਿਆਂ ਲਈ ਵੈਕਸੀਨ ਦੀ ਡੋਜ਼ ਘੱਟ ਹੈ।** ਜਿਵੇਂ ਕਿ ਕਈ ਹੋਰ ਵੈਕਸੀਨਾਂ ਨਾਲ ਵੀ ਹੁੰਦਾ ਹੈ, COVID-19 ਵੈਕਸੀਨ ਦੀ ਡੋਜ਼ ਵਿਅਕਤੀ ਦੀ ਉਮਰ ਤੇ ਅਧਾਰਤ ਹੁੰਦੀ ਹੈ ਨਾ ਕਿ ਵਜ਼ਨ ਜਾਂ ਅਕਾਰ ਉਤੇ, ਕਿਉਂਕਿ ਇਮਯੂਨ ਸਿਸਟਮ ਦੀ ਕਿਰਿਆਸ਼ੀਲਤਾ ਵਿਚ ਉਮਰ ਹੀ ਅਹਿਮ ਪਹਿਲੂ ਹੁੰਦਾ ਹੈ। ਇਨ੍ਹਾਂ ਵੈਕਸੀਨਾਂ ਬਾਰੇ ਅਧਿਐਨਾਂ ਵਿਚ ਘੱਟ ਖੁਰਾਕਾਂ ਨੇ COVID-19 ਤੋਂ ਬੱਚਿਆਂ ਨੂੰ ਬਹੁਤ ਵਧੀਆ ਸੁਰੱਖਿਆ ਪ੍ਰਦਾਨ ਕੀਤੀ।

**ਵੈਕਸੀਨਾਂ ਤੁਹਾਡੇ ਬੱਚੇ ਨੂੰ COVID-19 ਨਹੀਂ ਦੇ ਸਕਦੀਆਂ,** ਕਿਉਂਕਿ ਇਨ੍ਹਾਂ ਵਿਚ ਬਿਮਾਰੀ ਪੈਦਾ ਕਰਨ ਵਾਲਾ ਵਾਇਰਸ ਨਹੀਂ ਹੁੰਦਾ ।

**ਵੈਕਸੀਨਾਂ ਤੁਹਾਡੇ ਬੱਚੇ ਦੇ ਡੀ ਐਨ ਏ ਵਿਚ ਤਬਦੀਲੀ ਨਹੀਂ ਲਿਆ ਸਕਦੀਆਂ।** ਇਹ ਵੈਕਸੀਨਾਂ ਡੀ ਐਨ ਏ ਨਾਲ ਕੋਈ ਸੰਪਰਕ ਨਹੀਂ ਕਰਦੀਆਂ।

**ਵੈਕਸੀਨਾਂ ਤੁਹਾਡੇ ਬੱਚੇ ਦੀ ਜਣਨ ਸ਼ਕਤੀ ਤੇ ਕੋਈ ਅਸਰ ਨਹੀਂ ਪਾਉਂਦੀਆਂ।** ਵੱਖ ਵੱਖ ਅਜ਼ਾਦ ਅਧਿਐਨਾਂ ਨੇ ਦਰਸਾਇਆ ਹੈ ਕਿ ਅਜਿਹਾ ਕੋਈ ਸਬੂਤ ਨਹੀਂ ਕਿ COVID-19 ਵੈਕਸੀਨਾਂ ਜਣਨ ਸ਼ਕਤੀ ਤੇ ਕੋਈ ਅਸਰ ਪਾਉਂਦੀਆਂ ਹਨ।

## ਦੁਰਪ੍ਰਭਾਵ



ਵੈਕਸੀਨੇਸ਼ਨ ਦੇ ਪ੍ਰਤੀਕਰਮ ਬਹੁਤ ਹਲਕੇ ਹੁੰਦੇ ਹਨ ਅਤੇ ਆਮ ਕਰਕੇ ਖੁਦ ਹੀ ਕੁੱਝ ਘੰਟਿਆਂ ਜਾਂ ਦਿਨਾਂ ਵਿਚ ਚਲੇ ਜਾਂਦੇ ਹਨ। ਇਨ੍ਹਾਂ ਵਿਚ ਟੀਕੇ ਵਾਲੀ ਥਾਂ ਤੇ ਲਾਲੀ, ਦਰਦ ਜਾਂ ਸੋਜਸ਼ ਸ਼ਾਮਲ ਹੈ। ਇਸ ਤੋਂ ਇਲਾਵਾ ਕੁੱਝ ਆਮ ਲੱਛਣ ਜਿਵੇਂ ਕਾਂਬਾ, ਹਲਕਾ ਬੁਖਾਰ, ਥਕਾਵਟ, ਸਿਰਦਰਦ, ਜੋੜਾਂ ਦਾ ਦਰਦ ਅਤੇ ਮਾਸਪੇਸ਼ੀਆਂ ਦਾ ਦਰਦ ਵੀ ਹੋ ਸਕਦਾ ਹੈ।

ਗੰਭੀਰ ਅਲਰਜੀ ਪ੍ਰਤੀਕਰਮ ਬਹੁਤ ਘੱਟ ਹੁੰਦੇ ਹਨ ਅਤੇ ਉਨ੍ਹਾਂ ਦਾ ਇਲਾਜ ਹੋ ਜਾਂਦਾ ਹੈ। ਜੇ ਉਹ ਹੁੰਦੇ ਹਨ ਤਾਂ ਇਹ ਆਮ ਕਰਕੇ ਵੈਕਸੀਨ ਲੈਣ ਤੋਂ ਥੋੜ੍ਹੀ ਦੇਰ ਬਾਦ ਹੀ ਹੁੰਦੇ ਹਨ।

**ਸੁਰੱਖਿਆ ਤੇ ਦੁਰਪ੍ਰਭਾਵਾਂ ਤੇ ਪੱਖ ਤੋਂ ਵੈਕਸੀਨਾਂ ਤੇ ਨਜ਼ਰ ਰੱਖੀ ਜਾਂਦੀ ਹੈ।**

ਸਾਡੇ ਮਜ਼ਬੂਤ COVID-19 ਵੈਕਸੀਨ ਸੁਰੱਖਿਆ ਨਿਗਰਾਨੀ ਢਾਂਚੇ ਤੋਂ ਇਲਾਵਾ ਕੈਨੇਡਾ ਦਾ ਆਪਣਾ ਬੱਚਿਆਂ ਦੀ ਵੈਕਸੀਨੇਸ਼ਨ ਤੇ ਨਜ਼ਰ ਰੱਖਣ ਦਾ ਸਿਸਟਮ ਹੈ । ਇਮਯੂਨਾਈਜੇਸ਼ਨ ਮੌਨੀਟਰਿੰਗ ਪ੍ਰੋਗਰਾਮ ACTive (The Immunization Monitoring Program ACTive (IMPACT)) ਨੈਟਵਰਕ ਇਕ ਪੀਡੀਐਟ੍ਰਿਕ, ਹਸਪਤਾਲ-ਅਧਾਰਤ ਨੈਟਵਰਕ ਹੈ, ਜਿਸ ਨੂੰ ਕੈਨੇਡੀਅਨ ਪੀਡੀਐਟ੍ਰਿਕ ਸੁਸਾਇਟੀ ਦੁਆਰਾ ਚਲਾਇਆ ਜਾਂਦਾ ਹੈ। IMPACT ਪਿਛਲੇ 20 ਤੋਂ ਵੀ ਵੱਧ ਸਾਲਾਂ ਤੋਂ ਬੱਚਿਆਂ ਦੀ ਇਮਯੂਨਾਈਜੇਸ਼ਨ ਤੇ ਨਜ਼ਰ ਰੱਖ ਰਹੀ ਹੈ।

**ਜੇ ਤੁਹਾਡੇ COVID-19 ਵੈਕਸੀਨ ਬਾਰੇ ਸਵਾਲ ਹੋਣ ਤਾਂ ਕਿਸੇ ਹੈਲਥ ਕੇਅਰ ਪ੍ਰਦਾਤਾ ਨਾਲ ਗੱਲ ਕਰੋ।**

ਤੱਥਾਂ ਬਾਰੇ ਜਾਣੋ। Canada.ca/covid-vaccine ਤੇ ਜਾਕੇ ਹੋਰ ਜਾਣਕਾਰੀ ਪ੍ਰਾਪਤ ਕਰੋ ਅਤੇ ਜਿਥੇ ਤੁਸੀਂ ਰਹਿੰਦੇ ਹੋ, ਉਸ ਖੇਤਰ ਬਾਰੇ ਵਿਸ਼ੇਸ਼ ਜਾਣਕਾਰੀ ਲਈ ਆਪਣੇ ਪ੍ਰੋਵਿੰਸ ਜਾਂ ਟੈਰੇਟਰੀ ਦੀ ਵੈਬਸਾਈਟ ਦੇਖੋ।

ID 04-50 / DATE 2022.01.20